# ਮਾਲਵੇ ਦਾ ਪੰਜਾਬੀ ਨਾਟਕ ਅਤੇ ਅਜਮੇਰ ਔਲਖ

ਡਾ. ਜਗਬੀਰ ਸਿੰਘ*

ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਵਿਕਸਿਤ ਤੇ ਪ੍ਰਫੁੱਲਤ ਕਰਨ ਵਿਚ ਮਾਲਵੇ ਦੀ ਧਰਤੀ ਦਾ ਭਰਪੂਰ ਯੋਗਦਾਨ ਹੈ। ਇਸ ਖੇਤਰ ਦੇ ਪ੍ਰਮੁੱਖ ਨਾਟਕਕਾਰਾਂ / ਰੰਗਕਰਮੀਆਂ ਵਿਚ ਬਲਵੰਤ ਗਾਰਗੀ, ਸੰਤ ਸਿੰਘ ਸੇਖੋਂ, ਅਜਮੇਰ ਔਲਖ, ਸਤੀਸ਼ ਕੁਮਾਰ ਵਰਮਾ, ਅਮਰਜੀਤ ਸਿੰਘ ਗਰੇਵਾਲ ਅਤੇ ਪਾਲੀ ਭੁਪਿੰਦਰ ਸਿੰਘ ਵਰਗੇ ਲੇਖਕਾਂ ਦਾ ਨਾਮ ਲਿਆ ਜਾ ਸਕਦਾ ਹੈ। ਪੰਜਾਬੀ ਨਾਟਕਕਾਰਾਂ ਦੀਆਂ ਤਿੰਨ ਪੀੜ੍ਹੀਆਂ ਨਾਲ ਸੰਬੰਧਿਤ ਇਨ੍ਹਾਂ ਲੇਖਕਾਂ ਨੇ ਆਪਣੀ ਨਾਟ-ਸਿਰਜਣਾ ਰਾਹੀਂ ਜਿੱਥੇ ਸਮੁੱਚੇ ਪੰਜਾਬੀ ਨਾਟਕ ਦਾ ਮੁਹਾਂਦਰਾ ਉਲੀਕਨ ਵਿਚ ਆਪਣਾ ਸਾਰਥਕ ਯੋਗਦਾਨ ਦਿੱਤਾ ਹੈ ਓਥੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਨਾਟਕ ਦੇ ਖੇਤਰ ਵਿਚ ਵੀ ਚਰਚਾਯੋਗ ਪਛਾਣ ਬਣਾਉਣ ਦਾ ਉੱਦਮ ਕੀਤਾ ਹੈ। ਹਥਲੇ ਪਰਚੇ ਵਿਚ ਅਸੀਂ ਮਾਲਵੇ ਦੀ ਨਾਟ-ਪਰੰਪਰਾ ਦਾ ਸਰਵੇਖਣ ਤੇ ਮੁਲਾਂਕਨ ਕਰਦਿਆਂ ਦੇ ਇਸ ਖੇਤਰ ਦੇ ਉੱਘੇ ਨਾਟ-ਲੇਖਕ ਅਤੇ ਰੰਗਕਰਮੀ ਅਜਮੇਰ ਔਲਖ ਦੀ ਨਾਟ ਸਿਰਜਣਾ ਦਾ ਅਧਿਐਨ ਤੇ ਵਿਸ਼ਲੇਸ਼ਣ ਕਰਨ ਦੀ ਚੇਸ਼ਟਾ ਕੀਤੀ ਹੈ।

ਮਾਲਵੇ ਦੀ ਨਾਟ ਪਰੰਪਰਾ ਦਾ ਮੁੱਢ ਬਲਵੰਤ ਗਾਰਗੀ ਅਤੇ ਸੰਤ ਸਿੰਘ ਸੇਖੋਂ ਦੀਆਂ ਨਾਟ-ਲਿਖਤਾਂ ਨਾਲ ਬੱਝਦਾ ਹੈ। ਇਨ੍ਹਾਂ ਦੋਹਾਂ ਲੇਖਕਾਂ ਨੇ ਆਪੋ ਆਪਣੇ ਢੰਗ ਨਾਲ ਇੱਥੋਂ ਦੀ ਨਾਟ-ਪਰੰਪਰਾ ਨੂੰ ਵਿਕਸਿਤ ਕੀਤਾ ਹੈ। ਬਲਵੰਤ ਗਾਰਗੀ ਨੇ 1944 ਵਿਚ '**ਲੋਹਾ ਕੁੱਟ**' ਨਾਟਕ ਦੀ ਸਿਰਜਣਾ ਰਾਹੀਂ ਆਪਣੇ ਨਾਟ-ਸਫ਼ਰ ਦੀ ਸ਼ੁਰੂਆਤ ਕੀਤੀ। ਰੋਮਾਨੀ ਸੰਵੇਦਨਾ ਅਤੇ ਵਿਦਰੋਹੀ ਚੇਤਨਾ ਵਾਲੇ ਇਸ ਨਾਟਕ ਨੇ ਪੰਜਾਬੀ ਨਾਟ-ਜਗਤ ਵਿਚ ਇਕ ਤਰ੍ਹਾਂ ਦਾ ਤਹਿਲਕਾ ਮਚਾ ਦਿੱਤਾ ਸੀ। ਇਹ ਨਾਟਕ ਸਾਮਾਜਿਕ ਸੰਸਥਾਵਾਂ ਦੀ ਜਕੜਬੰਦੀ ਵਿਚ ਘਿਰੇ ਵਿਅਕਤੀ ਦੇ ਸੰਤਾਪ ਅਤੇ ਵਿਦਰੋਹ ਨੂੰ ਜ਼ੁਬਾਨ ਦਿੰਦਾ ਹੈ। ਇਸ ਤੋਂ ਉਪਰੰਤ ਗਾਰਗੀ ਨੇ **ਕੇਸਰੋ, ਕਣਕ ਦੀ ਬੱਲੀ, ਧੂਣੀ ਦੀ ਅੱਗ, ਸੁਲਤਾਨ ਰਜ਼ੀਆ, ਕੁਆਰੀ ਟੀਸੀ, ਸੌਂਕਣ, ਮਿਰਜ਼ਾ ਸਾਹਿਬਾਂ** ਅਤੇ **ਅਭਿਸਾਰਿਕਾ** ਵਰਗੀਆਂ ਚਰਚਿਤ ਨਾਟ-ਲਿਖਤਾਂ ਦੀ ਰਚਨਾ ਕੀਤੀ। ਇਨ੍ਹਾਂ ਨਾਟ-ਲਿਖਤਾਂ ਵਿਚ ਮਾਲਵੇ ਦੇ ਇਸ ਮੋਢੀ ਨਾਟਕਕਾਰ ਨੇ ਪੰਜਾਬੀ ਸਮਾਜ-ਸਭਿਆਚਾਰ ਦੀਆਂ ਬਦਲ ਰਹੀਆਂ ਕਦਰਾਂ-ਕੀਮਤਾਂ ਨੂੰ ਪਿਛੋਕੜ ਵਿਚ ਰੱਖ ਕੇ ਮਨੁੱਖੀ ਜੀਵਨ ਦੇ ਹੋਂਦ-ਮੁਖੀ ਸਰੋਕਾਰਾਂ ਦਾ ਵਿਸ਼ਲੇਸ਼ਣ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ।

ਮਾਲਵੇ ਦੀ ਨਾਟ-ਪਰੰਪਰਾ ਨੂੰ ਪ੍ਰਫੁੱਲਤ ਕਰਨ ਵਿਚ ਸੰਤ ਸਿੰਘ ਸੇਖੋਂ ਦਾ ਯੋਗਦਾਨ ਵੀ ਵਰਣਨਯੋਗ ਹੈ। ਇਸ ਲੇਖਕ ਨੇ **ਕਲਾਕਾਰ, ਨਾਰਕੀ, ਵਾਰਿਸ, ਬੇੜਾ ਬੰਧ ਨ ਸਾਕਿਓ, ਮੋਇਆਂ ਸਾਰ ਨਾ ਕਾਈ, ਦਮਯੰਤੀ, ਸਿਆਲਾਂ ਦੀ ਨੱਢੀ, ਮਿੱਤਰ ਪਿਆਰਾ** ਅਤੇ **ਬੰਦਾ ਬਹਾਦਰ** ਵਰਗੇ ਨਾਟਕਾਂ ਰਚਨਾ ਕਰਕੇ ਭਰਪੂਰ ਨਾਮਨਾ ਖੱਟਿਆ। ਇਨ੍ਹਾਂ ਨਾਟਕਾਂ ਰਾਹੀ ਸੰਤ ਸਿੰਘ ਸੇਖੋਂ ਆਲੋਚਨਾਤਮਕ ਯਥਾਰਥ ਦੀ ਵਿਧੀ ਰਾਹੀਂ ਮਿਹਨਤਕਸ਼ ਵਰਗਾਂ ਦੇ ਸੰਘਰਸ਼ ਨੂੰ ਰੂਪਮਾਨ ਕਰਨ ਦਾ ਜਤਨ ਕੀਤਾ ਹੈ। ਇਸਦੇ ਨਾਲ ਹੀ ਉਸਨੇ ਇਤਿਹਾਸ ਅਤੇ ਮਿਥਿਹਾਸ ਦੀ ਪੁਨਰ-ਵਿਆਖਿਆ ਕਰਨ ਵਾਲੇ ਬੌਧਿਕ ਕਿਸਮ ਦੇ ਨਾਟਕਾਂ ਦੀ ਰਚਨਾ ਵੀ ਕੀਤੀ ਹੈ ਜਿਨ੍ਹਾਂ ਦਾ ਆਪਣਾ ਮਹੱਤਵ ਹੈ।

ਅਜਮੇਰ ਔਲਖ ਮਾਲਵੇ ਦਾ ਇਕ ਹੋਰ ਉੱਘਾ ਹਸਤਾਖਰ ਹੈ। ਇਸ ਨਾਟਕਕਾਰ ਨੇ 1977 ਵਿਚ **ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ** ਨਾਟਕ ਨਾਲ ਆਪਣਾ ਨਾਟ ਸਫ਼ਰ ਆਰੰਭ ਕੀਤਾ। ਇਸ ਤੋਂ ਮਗਰੋਂ ਉਸਦੇ ਕਈ

ਮਹੱਤਵਪੂਰਣ ਨਾਟਕ ਸਾਮ੍ਹਣੇ ਆਏ ਜਿਨ੍ਹਾਂ ਵਿਚ **ਅਰਬਦ ਨਰਬਦ ਧੁੰਧੂਕਾਰਾ, ਬਗਾਨੇ ਬੋਹੜ ਦੀ ਛਾਂ, ਅੰਨ੍ਹੇ ਨਿਸ਼ਾਨਚੀ, ਸਤ ਬਗਾਨੇ, ਭੱਜੀਆਂ ਬਾਹਾਂ, ਕਿਹਰ ਸਿੰਘ ਦੀ ਮੌਤ, ਸਲਵਾਨ** ਅਤੇ **ਇਸ਼ਕ ਬਾਝ ਨਮਾਜ ਦਾ ਹੱਜ ਨਾਹੀਂ** ਸ਼ਾਮਿਲ ਹਨ। ਇਨ੍ਹਾਂ ਨਾਟਕਾਂ ਦੇ ਮਾਧਿਅਮ ਰਾਹੀਂ ਅਜਮੇਰ ਔਲਖ ਨੇ ਪੰਜਾਬ ਦੇ ਪੇਂਡੂ ਸਮਾਜ ਸਭਿਆਚਾਰ ਨੂੰ ਪਿਛੋਕੜ ਵਿਚ ਰੱਖ ਕੇ ਸਮਕਾਲੀ ਜੀਵਨ ਅਤੇ ਯਥਾਰਥ ਦੇ ਮਸਲਿਆਂ ਨੂੰ ਸੰਬੋਧਿਤ ਹੋਣ ਦਾ ਉਪਰਾਲਾ ਕੀਤਾ ਹੈ। ਖ਼ਾਸ ਤੌਰ ਤੇ ਉਸ ਨੇ ਨਿਮਨ-ਕਿਸਾਨੀ ਅਤੇ ਮਿਹਨਤ-ਕਸ਼ ਵਰਗਾਂ ਦੇ ਸੰਕਟ ਅਤੇ ਸੰਤਾਪ ਨੂੰ ਮੂਰਤੀਮਾਨ ਕਰਨ ਦਾ ਉਪਰਾਲਾ ਕੀਤਾ ਹੈ। ਉਸਦੀ ਨਾਟ-ਸਿਰਜਣਾ ਦਾ ਉੱਘੜਵਾਂ ਲੱਛਣ ਵਿਚਾਰਧਾਰਾਈ ਚੇਤਨਾ ਹੈ ਜੋ ਵਰਤਮਾਨ ਯਥਾਰਥ ਦਾ ਭਰਪੂਰ ਵਿਸ਼ਲੇਸ਼ਣ ਕਰਨ ਦੇ ਨਾਲ ਨਾਲ ਉਸਦੀਆਂ ਲੁਕਵੀਆਂ ਪਰਤਾਂ ਨੂੰ ਫਰੋਲਣ ਲਈ ਵੀ ਜਤਨਸ਼ੀਲ ਹੈ। ਇਸ ਤੋਂ ਇਲਾਵਾ ਅਜਮੇਰ ਔਲਖ ਨੇ ਆਪਣੇ ਰੰਗ-ਮੰਚੀ ਉਪਰਾਲਿਆਂ ਰਾਹੀਂ ਪੰਜਾਬ ਵਿਚ ਇਕ ਖ਼ਾਸ ਕਿਸਮ ਦੀ ਉੱਦੇਸ਼-ਮੁਖੀ ਦੇਹਾਤੀ ਮੰਚ- ਲਹਿਰ ਨੂੰ ਵੀ ਸੰਗਠਿਤ ਕਰਨ ਦਾ ਉਪਰਾਲਾ ਕੀਤਾ ਹੈ ਜੋ ਸਮਕਾਲੀ ਯਥਾਰਥ ਦੇ ਸੰਦਰਭ ਵਿਚ ਹੋਰ ਵੀ ਵਧੇਰੇ ਸਾਰਥਕ ਅਤੇ ਪ੍ਰਾਸੰਗਿਕ ਹੈ।

---

* ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।